Ofsted
raising standards
improving lives

# ਸਕੂਲ ਦੇ ਮੁਆਇਨੇ

ਮਾਤਾ-ਪਿਤਾ ਅਤੇ ਕੇਅਰਰਾਂ ਲਈ ਇਕ ਗਾਈਡ

## **Ofsted** ਸਕੂਲਾਂ ਦਾ ਮੁਆਇਨਾ ਕਿਉਂ ਕਰਦੀ ਹੈ?

ਅਸੀਂ, ਮਾਤਾ-ਪਿਤਾ ਲਈ ਜਾਣਕਾਰੀ ਮੁਹਈਆ ਕਰਨ, ਸੁਧਾਰ ਨੂੰ ਉਤਸਾਹਿਤ ਕਰਨ ਅਤੇ ਸਕੂਲਾਂ ਵਲੋਂ ਪ੍ਰਾਪਤ ਕੀਤੀ ਜਾਂਦੀ ਸਰਕਾਰੀ ਰਕਮ ਲਈ, ਉਹਨਾਂ ਨੂੰ ਜਵਾਬਦੇਹ ਕਰਨ ਲਈ ਸਕੂਲਾਂ ਦਾ ਮੁਆਇਨਾ ਕਰਦੇ ਹਾਂ। ਕਾਨੂੰਨ ਅਨੁਸਾਰ ਸਕੂਲ ਮੁਆਇਨਿਆਂ ਦੀ ਲੋੜ ਹੈ। ਅਸੀਂ ਸਕੂਲਾਂ ਵਿਚ ਸਿਖਿਆ ਦੀ ਕੁਆਲਿਟੀ ਅਤੇ ਮਿਆਰਾਂ ਦਾ ਇਕ ਸੁਤੰਤਰ ਮੁਲਾਂਕਣ ਮੁਹਈਆ ਕਰਦੇ ਹਾਂ ਅਤੇ ਵੇਖਦੇ ਹਾਂ ਕਿ ਕੀ ਵਿਦਿਆਰਥੀ, ਜਿੰਨੀ ਜ਼ਿਆਦਾ ਉਹ ਕਰ ਸਕਦੇ ਹਨ, ਪ੍ਰਗਤੀ ਕਰ ਰਹੇ ਹਨ।

## ਮੁਆਇਨੇ ਕਦੋਂ ਹੁੰਦੇ ਹਨ ਅਤੇ ਉਹ ਕਿੰਨੀ ਦੇਰ ਤੱਕ ਚਲਦੇ ਹਨ?

ਅਸੀਂ ਸਕੂਲਾਂ ਦਾ ਘੱਟੋ ਘੱਟ ਹਰ ਤਿੰਨ ਸਾਲਾਂ ਵਿਚ ਮੁਆਇਨਾ ਕਰਦੇ ਹਾਂ। ਜ਼ਿਆਦਾਤਰ ਸਕੂਲਾਂ ਨੂੰ ਉਹਨਾਂ ਦੇ ਮੁਆਇਨੇ ਲਈ ਸਿਰਫ਼ ਦੋ ਦਿਨ ਦਾ ਨੋਟਿਸ ਮਿਲਦਾ ਹੈ। ਇਹ ਮੁਆਇਨਾ ਇਕ ਜਾਂ ਦੋ ਦਿਨ ਤੱਕ ਚਲਦਾ ਹੈ।

## ਸਕੂਲਾਂ ਦਾ ਮੁਆਇਨਾ ਕੌਣ ਕਰਦਾ ਹੈ?

ਹਰ ਮੈਜਸਟੀ ਦੇ ਇੰਸਪੈਕਟਰ [Her Majesty's Inspectors] (HMI) ਅਤੇ ਸਹਾਇਕ ਇੰਸਪੈਕਟਰ [Additional Inspectors] (AI) ਮੁਆਇਨੇ ਕਰਦੇ ਹਨ। ਸਾਰੇ ਇੰਸਪੈਕਟਰਾਂ ਨੂੰ ਸਾਡੇ ਮਿਆਰਾਂ ਅਨੁਸਾਰ ਸਿਖਲਾਈ ਦਿਤੀ ਗਈ ਹੈ ਅਤੇ ਇਹਨਾਂ ਅਨੁਸਾਰ ਜਾਇਜ਼ਾ ਲਿਆ ਗਿਆ ਹੈ।

## ਮੁਆਇਨੇ ਦੌਰਾਨ ਕੀ ਹੁੰਦਾ ਹੈ?

ਇੰਸਪੈਕਟਰ ਸਕੂਲ ਦੇ ਸਵੈ-ਮੁਲਾਂਕਣਾਂ ਦਾ ਅਧਿਅਨ ਕਰਦੇ ਹਨ ਅਤੇ ਵਿਦਿਆਰਥੀ ਦੇ ਨਤੀਜਿਆਂ ਅਤੇ ਉਹਨਾਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੇ ਹਨ। ਉਹ ਹੈਡਟੀਚਰ, ਗਵਰਨਰਾਂ, ਸਟਾਫ਼ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹਨ ਅਤੇ ਇਕ ਮਾਤਾ-ਪਿਤਾ ਜਾਂ ਕੇਅਰਰ ਵਜੋਂ ਤੁਹਾਡੇ ਵਿਚਾਰਾਂ ਨੂੰ ਧਿਆਨ ਵਿਚ ਲੈਂਦੇ ਹਨ। ਉਹ ਕੁਝ ਪਾਠਾਂ ਦਾ ਨਿਰੀਖਣ ਕਰਦੇ ਹਨ ਅਤੇ ਵੇਖਦੇ ਹਨ ਕਿ ਸਕੂਲਾਂ ਨੂੰ ਕਿੰਨੀ ਚੰਗੀ ਤਰ੍ਹਾਂ ਚਲਾਇਆ ਅਤੇ ਇਸਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

## ਮੈਂ ਆਪਣੇ ਵਿਚਾਰਾਂ ਬਾਰੇ ਕਿਵੇਂ ਦੱਸ ਸਕਦਾ/ਸਕਦੀ ਹਾਂ?

ਜੇ ਤੁਸੀਂ ਸਕੂਲ ਵਿਚ ਇਕ ਬੱਚੇ ਦੇ ਰਜਿਸਟਰਡ ਮਾਤਾ-ਪਿਤਾ ਹੋ, ਤਾਂ ਸਕੂਲ, ਸਾਡੇ ਵਲੋਂ ਤੁਹਾਨੂੰ ਇਕ ਸੁਆਲਨਾਮੇ ਨਾਲ ਇਕ ਚਿੱਠੀ ਭੇਜੇਗਾ। ਤੁਸੀਂ ਇਸ ਸੁਆਲਨਾਮੇ ਨੂੰ ਭਰਕੇ ਅਤੇ ਸਕੂਲ ਵਿਚ ਮੁਆਇਨਾ ਕਰਨ ਆਈ ਟੀਮ ਲਈ ਇਸਨੂੰ ਭੇਜਕੇ ਆਪਣੇ ਵਿਚਾਰ ਸਾਨੂੰ ਦੱਸ ਸਕਦੇ ਹੋ। ਇੰਸਪੈਕਟਰ ਆਪਣੇ ਫ਼ੈਸਲੇ 'ਤੇ ਪਹੁੰਚਣ ਲਈ, ਆਪਣੀ ਮਦਦ ਵਾਸਤੇ ਤੁਹਾਡੇ ਵਿਚਾਰਾਂ ਤੋਂ ਸਹਾਇਤਾ ਲੈਣਗੇ। ਸੁਆਲਨਾਮਾ ਗੁਪਤ ਹੈ, ਪਰ ਜੇ ਕੋਈ ਜਵਾਬ ਇਕ ਬੱਚੇ ਦੀ ਸੁਰੱਖਿਆ ਬਾਰੇ ਮੁੱਦਿਆਂ ਨੂੰ ਚੁੱਕਦਾ ਹੈ, ਤਾਂ ਇੰਸਪੈਕਟਰ ਜਾਣਕਾਰੀ ਨੂੰ ਅੱਗੇ ਭੇਜ ਸਕਦੇ ਹਨ।

## ਕੀ ਮੈਂ ਇੰਸਪੈਕਟਰਾਂ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਮੁਆਇਨੇ ਦੌਰਾਨ ਤੁਹਾਨੂੰ ਇੰਸਪੈਕਟਰਾਂ ਨਾਲ ਗੱਲ ਕਰਨ ਦਾ ਮੌਕਾ ਮਿਲ ਸਕਦਾ ਹੈ, ਮਿਸਾਲ ਦੇ ਤੌਰ 'ਤੇ ਸਕੂਲ ਦਿਨ ਦੇ ਸ਼ੁਰੂ ਹੋਣ 'ਤੇ,। ਜੇ ਤੁਸੀਂ ਇੰਸਪੈਕਟਰਾਂ ਨਾਲ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਨ ਦੇ ਅਸਮਰੱਥ ਹੋ, ਤਾਂ ਮੁਆਇਨਾ ਪ੍ਰਸ਼ਾਸਕ ਖ਼ੁਸ਼ੀ ਖ਼ੁਸ਼ੀ ਇੰਸਪੈਕਟਰਾਂ ਨੂੰ ਸੁਨੇਹੇ ਦੇਣਗੇ। ਉਹਨਾਂ ਦੇ ਸੰਪਰਕ ਵੇਰਵੇ ਉਸ ਚਿੱਠੀ ਵਿਚ ਹੋਣਗੇ, ਜੋ ਤੁਹਾਨੂੰ ਮੁਆਇਨੇ ਬਾਰੇ ਦੱਸਦੀ ਹੈ। ਕਿਰਪਾ ਕਰਕੇ ਯਾਦ ਰਖੋ ਕਿ ਇੰਸਪੈਕਟਰ ਵੱਖ ਵੱਖ ਵਿਦਿਆਰਥੀਆਂ ਨਾਲ ਸਬੰਧਿਤ ਸ਼ਿਕਾਇਤਾਂ ਜਾਂ ਤੁਹਾਡੇ ਅਤੇ ਸਕੂਲ ਵਿਚਕਾਰ ਵਿਵਾਦਾਂ ਨੂੰ ਹੱਲ ਕਰਨ ਨਾਲ ਨਹੀਂ ਨਜਿੱਠ ਸਕਦੇ।

## ਮੁਆਇਨੇ ਮਗਰੋਂ ਕੀ ਹੁੰਦਾ ਹੈ?

ਅਸੀਂ ਸਕੂਲਾਂ ਨੂੰ 1 ਤੋਂ 4 ਤੱਕ ਇਕ ਸਮੁਚਾ ਗ੍ਰੇਡ ਦਿੰਦੇ ਹਾਂ:

- ਗ੍ਰੇਡ 1 (ਬਿਹਤਰੀਨ)
- ਗ੍ਰੇਡ 2 (ਚੰਗਾ)
- ਗ੍ਰੇਡ 3 (ਤਸੱਲੀਬਖ਼ਸ਼)
- ਗ੍ਰੇਡ 4 (ਨਾਕਾਫ਼ੀ)।

ਮੁੱਖ ਇੰਸਪੈਕਟਰ ਆਪਣੇ ਫ਼ੈਸਲੇ ਬਾਰੇ ਹੈਡਟੀਚਰ ਅਤੇ ਗਵਰਨਰਾਂ ਨੂੰ ਰਿਪੋਰਟ ਕਰਦਾ/ਕਰਦੀ ਹੈ। ਇੰਸਪੈਕਟਰਾਂ ਦੇ ਨਤੀਜਿਆਂ ਨੂੰ ਸਕੂਲ, ਮਾਤਾ-ਪਿਤਾ ਅਤੇ ਵਡੇਰੇ ਭਾਈਚਾਰੇ ਲਈ ਇਕ ਰਿਪੋਰਟ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਮੁਆਇਨੇ ਦੀਆਂ ਰਿਪੋਰਟਾਂ ਵਿਚ ਸਕੂਲ ਦੇ ਕੰਮਕਾਜ ਦਾ ਜਾਇਜ਼ਾ ਲਿਆ ਜਾਂਦਾ ਹੈ ਅਤੇ ਸਕੂਲ ਨੂੰ ਹੋਰ ਬਿਹਤਰ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ, ਬਾਰੇ ਸਿਫ਼ਾਰਸ਼ਾਂ ਸ਼ਾਮਿਲ ਹਨ। ਸਕੂਲ ਨੂੰ ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਇਸ ਰਿਪੋਰਟ ਦੀ ਇਕ ਕਾੱਪੀ ਮਿਲੇ, ਸਾਰੀਆਂ ਢੁਕਵੀਆਂ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ। ਰਿਪੋਰਟ ਵਿਚ ਵਿਦਿਆਰਥੀਆਂ ਲਈ ਇਕ ਚਿੱਠੀ ਸ਼ਾਮਿਲ ਹੁੰਦੀ ਹੈ, ਜਿਸ ਵਿਚ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਇੰਸਪੈਕਟਰ ਸਕੂਲ ਬਾਰੇ ਕੀ ਸੋਚਦੇ ਹਨ ਅਤੇ ਇਸਨੂੰ ਬਿਹਤਰ ਬਣਾਉਣ ਲਈ ਉਹ ਕੀ ਕਰ ਸਕਦੇ ਹਨ। ਰਿਪੋਰਟਾਂ ਸਾਡੀ ਵੈਬਸਾਈਟ: www.ofsted.gov.uk/reports 'ਤੇ ਵੀ ਪ੍ਰਕਾਸ਼ਿਤ ਹਨ।

## ਕੀ ਹੁੰਦਾ ਹੈ, ਜੇ Ofsted ਸਕੂਲ ਨੂੰ 'ਨਾਕਾਫ਼ੀ' ਸਮਝਦਾ ਹੈ?

ਜੇ ਇੰਸਪੈਕਟਰ, ਸਕੂਲ ਨੂੰ ਨਾਕਾਫ਼ੀ ਸਮਝਦੇ ਹਨ, ਤਾਂ ਇਸਨੂੰ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿਚੋਂ ਇਕ ਵਿਚ ਰਖਿਆ ਜਾਏਗਾ।

ਵਿਸ਼ੇਸ਼ ਕਾਰਵਾਈਆਂ

ਇਸਦਾ ਮਤਲਬ ਹੈ ਕਿ ਸਕੂਲ ਆਪਣੇ ਵਿਦਿਆਰਥੀਆਂ ਨੂੰ ਸਿਖਿਆ ਦਾ ਇਕ ਪ੍ਰਵਾਨਯੋਗ ਮਿਆਰ ਮੁਹਈਆ ਕਰਨ ਵਿਚ ਨਾਕਾਮ ਹੈ ਅਤੇ ਲੋੜੀਂਦੇ ਸੁਧਾਰ ਕਰਨ ਦੀ ਸਮਰੱਥਾ ਦਾ ਪ੍ਰਗਟਾਵਾ ਨਹੀਂ ਕਰ ਰਿਹਾ। ਇੰਸਪੈਕਟਰ, ਸਕੂਲ ਦੀ ਪ੍ਰਗਤੀ ਦੀ ਜਾਂਚ ਲਈ ਸਕੂਲ ਦਾ ਬਾਕਾਇਦਗੀ ਨਾਲ ਦੌਰਾ ਕਰੇਗਾ, ਜਦ ਤੱਕ ਕਿ ਇਸਨੂੰ ਇਸ ਸ਼੍ਰੇਣੀ ਤੋਂ ਹਟਾਇਆ ਨਹੀਂ ਜਾ ਸਕਦਾ। ਅਸੀਂ ਲਗਭਗ ਦੋ ਸਾਲਾਂ ਮਗਰੋਂ ਇਸਦਾ ਮੁੜ ਤੋਂ ਮੁਆਇਨਾ ਕਰਾਂਗੇ।

ਸੁਧਾਰ ਲਈ ਨੋਟਿਸ

ਇਸਦਾ ਮਤਲਬ ਹੈ ਕਿ ਜਾਂ ਤਾਂ:

- ਆਪਣੇ ਵਿਦਿਆਰਥੀਆਂ ਨੂੰ ਸਿਖਿਆ ਦਾ ਇਕ ਪ੍ਰਵਾਨਯੋਗ ਮਿਆਰ ਮੁਹਈਆ ਕਰਨ ਵਿਚ ਨਾਕਾਮ ਰਿਹਾ ਹੈ, ਪਰ ਇਸ ਵਿਚ ਸੁਧਾਰ ਕਰਨ ਦੀ ਸਮਰੱਥਾ ਹੈ ; ਜਾਂ
- ਇਹ ਨਾਕਾਮ ਨਹੀਂ ਹੈ, ਪਰ ਇਸਦੀ ਕਾਰਗੁਜ਼ਾਰੀ ਸਾਡੇ ਵਲੋਂ ਢੁਕਵੀਂ ਉਮੀਦ ਤੋਂ ਬਹੁਤ ਜ਼ਿਆਦਾ ਘੱਟ ਹੈ।

ਜੇ ਅਸੀਂ ਸੁਧਾਰ ਲਈ ਨੋਟਿਸ ਦਿੰਦੇ ਹਾਂ, ਤਾਂ ਇਕ ਇੰਸਪੈਕਟਰ ਵਲੋਂ ਸਕੂਲ ਦੀ ਨਿਗਰਾਨੀ ਵਿਜ਼ਿਟ ਕੀਤੀ ਜਾਏਗੀ ਅਤੇ ਲਗਭਗ ਇਕ ਸਾਲ ਮਗਰੋਂ ਇਸਦਾ ਦੁਬਾਰਾ ਮੁਆਇਨਾ ਕੀਤਾ ਜਾਏਗਾ।

## ਜੇ ਮੁਆਇਨੇ ਬਾਰੇ ਮੇਰੀਆਂ ਕੁਝ ਚਿੰਤਾਵਾਂ ਹਨ, ਤਾਂ ਕੀ ਹੋਏਗਾ?

ਸ਼ਿਕਾਇਤਾਂ ਬਹੁਤ ਹੀ ਘੱਟ ਹੁੰਦੀਆਂ ਹਨ, ਪਰ ਅਸੀਂ ਉਹਨਾਂ ਨਾਲ ਬਹੁਤ ਗੰਭੀਰਤਾ ਨਾਲ ਨਜਿੱਠਦੇ ਹਾਂ। ਤੁਸੀਂ ਸਾਡੀ ਵੈਬਸਾਈਟ www.ofsted.gov.uk 'ਤੇ ਜਾਂ 08456 404045 'ਤੇ ਸਾਡੀ ਹੈਲਪਲਾਈਨ ਨੂੰ ਫ਼ੋਨ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਜੇ ਤੁਹਾਨੂੰ ਸਾਡੇ ਕੰਮ ਬਾਰੇ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੀ ਵੈਬਸਾਈਟ ਵੇਖੋ ਜਾਂ ਸਾਡੀ ਹੈਲਪਲਾਈਨ 'ਤੇ ਫ਼ੋਨ ਕਰੋ।

## ਜੇ ਮੈਨੂੰ ਆਪਣੇ ਬੱਚੇ ਦੇ ਸਕੂਲ ਬਾਰੇ ਚਿੰਤਾਵਾਂ ਹਨ, ਤਾਂ ਕੀ ਹੋਏਗਾ?

ਜੇ ਤੁਹਾਡੀਆਂ ਆਪਣੇ ਬੱਚੇ ਦੇ ਸਕੂਲ ਬਾਰੇ ਚਿੰਤਾਵਾਂ ਹਨ, ਤਾਂ ਤੁਹਾਨੂੰ ਸਿੱਧਿਆਂ ਟੀਚਰਾਂ ਜਾਂ ਹੈਡਟੀਚਰ ਨਾਲ ਜਾਂ ਜੇ ਲੋੜ ਪਏ, ਤਾਂ ਗਵਰਨਿੰਗ ਬੌਡੀ ਜਾਂ ਸਥਾਨਕ ਅਥਾੱਰਿਟੀ ਨਾਲ ਗੱਲ ਸ਼ੁਰੂ ਕਰਨੀ ਚਾਹੀਦੀ ਹੈ। ਜੇ ਤੁਸੀਂ ਪ੍ਰਾਪਤ ਕੀਤੇ ਗਏ ਜਵਾਬਾਂ ਤੋਂ ਸੰਤੁਸ਼ਟ ਨਹੀਂ ਹੋ, ਤਾਂ Ofsted ਤੁਹਾਡੀ ਮਦਦ ਕਰ ਸਕਦਾ ਹੈ।

ਤੁਸੀਂ, ਸਾਡੀ ਵੈਬਸਾਈਟ ਜਾਂ ਸਾਡੀ ਹੈਲਪਲਾਈਨ ਤੋਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।


Alexandra House
33 Kingsway
London WC2B 6SE
ਹੈਲਪਲਾਈਨ: 08456 404045
**www.ofsted.gov.uk**

Ofsted

ਹਵਾਲਾ ਨੰਬਰ 070015
© Crown ਕਾੱਪੀਰਾਈਟ 2007

ਇਸ ਲੀਫ਼ਲੈਟ ਵਿਚ ਚਲਾਏ ਜਾ ਰਹੇ ਸਕੂਲਾਂ ਦਾ ਜ਼ਿਕਰ ਕੀਤਾ ਗਿਆ ਹੈ। ਅਕਾਦਮੀਆਂ ਸਮੇਤ, ਚਲਾਏ ਜਾ ਰਹੇ ਸਕੂਲ ਉਹ ਹਨ, ਜੋ ਸਰਕਾਰੀ ਰਕਮਾਂ ਨਾਲ ਚਲਦੇ ਹਨ।